# ਅੱਖਾਂ ਤੇ ਚਮੜੀ ਰੋਗਾਂ ਸਬੰਧੀ ਮੁਫ਼ਤ ਜਾਂਚ ਕੈਂਪ

ਪੱਤਰ ਪ੍ਰੇਰਕ

**ਮਾਨਸਾ, 20 ਜੂਨ**

ਵੇਦਾਂਤਾ ਤਲਵੰਡੀ ਸਾਬੋ ਪਾਵਰ ਲਿਮਟਿਡ ਅਤੇ ਮਹਾਂਵੀਰ ਟਰੱਸਟ ਹਸਪਤਾਲ ਬਠਿੰਡਾ ਵੱਲੋਂ ਪਿੰਡ ਬਣਾਂਵਾਲੀ ਦੇ ਪੰਚਾਇਤ ਹਾਲ ਵਿਚ ਅੱਖਾਂ ਅਤੇ ਚਮੜੀ ਰੋਗਾਂ ਸਬੰਧੀ ਮੁਫ਼ਤ ਜਾਂਚ ਕੈਂਪ ਲਗਾਇਆ ਗਿਆ। ਕੈਂਪ ਦਾ ਉਦਘਾਟਨ ਮਾਨਸਾ ਦੇ ਡਿਪਟੀ ਸਿਵਲ ਸਰਜਨ ਡਾ.ਸੁਬੋਧ ਗੁਪਤਾ ਨੇ ਕੀਤਾ। ਕੈਂਪ ਵਿਚ 150 ਰੋਗੀਆਂ ਦੀ ਜਾਂਚ ਕੀਤੀ ਗਈ ਅਤੇ ਮਰੀਜਾਂ ਨੂੰ ਮੁਫ਼ਤ ਦਵਾਈਆਂ ਦਿੱਤੀਆਂ ਗਈਆਂ।

ਡਾ.ਸੁਬੋਧ ਗੁਪਤਾ ਨੇ ਕਿਹਾ ਕਿ ਰੋਗੀ ਦੀ ਸੇਵਾ ਕਰਕੇ ਉਸ ਦਾ ਕਸ਼ਟ ਦੂਰ ਕਰਨ ਤੋਂ ਵੱਡੀ ਹੋਰ ਸੇਵਾ ਕੀ ਹੋ ਸਕਦੀ ਹੈ। ਵੇਦਾਂਤਾ ਤਲਵੰਡੀ ਸਾਬੋ ਪਾਵਰ ਲਿਮਟਿਡ ਦੇ ਅਧਿਕਾਰੀ ਪੀ.ਐਸ ਦਾਸ ਨੇ ਕਿਹਾ ਕਿ ਮਾਲਵਾ ਇਲਾਕੇ ਦਾ ਪਾਣੀ ਦੂਸ਼ਿਤ ਹੋਣ ਕਾਰਨ, ਇਸ ਖੇਤਰ ਵਿਚ ਅੱਖਾਂ ਅਤੇ ਚਮੜੀ ਦੇ ਮਰੀਜ਼ਾਂ ਦੀ ਗਿਣਤੀ ਬਹੁਤ ਜ਼ਿਆਦਾ ਹੈ। ਉਨ੍ਹਾਂ ਕਿਹਾ ਕਿ ਇਸ ਖੇਤਰ ਵਿਚ ਪੈ ਰਹੀ ਜ਼ਿਆਦਾ ਗਰਮੀ ਕਾਰਨ ਵੀ ਲੋਕ ਚਮੜੀ ਅਤੇ ਅੱਖਾਂ ਦੇ ਰੋਗਾਂ ਤੋਂ ਵੱਧ ਪ੍ਰਭਾਵਤ ਹੋ ਰਹੇ ਹਨ,ਜਿਸ ਨੂੰ ਧਿਆਨ ਵਿਚ ਰੱਖਦੇ ਹੋਏ ਅਜਿਹੇ ਕੈਂਪ ਇਸ ਖੇਤਰ ਵਿਚ ਸਮਾਜਿਕ ਜਿੰਮੇਵਾਰੀ ਸਮਝਦਿਆਂ ਲਗਾਉਣ ਦਾ ਨਿਰਣਾ ਲਿਆ ਗਿਆ ਹੈ। ਟੀ.ਐਸ.ਪੀ.ਐਲ ਦੇ ਪੀ.ਆਰ.ਓ ਮੈਡਮ ਸੋਭਨਾ ਜਨੇਜਾ ਨੇ ਕਿਹਾ ਕਿ ਉਨ੍ਹਾਂ ਦੀ ਕੰਪਨੀ ਭਵਿੱਖ ਵਿਚ ਅਜਿਹੇ ਕੈਂਪ ਲਾਉਂਦੀ ਰਹੇਗੀ।

ਕੈਂਪ ਵਿਚ ਬਠਿੰਡਾ ਮਹਾਂਵੀਰ ਟਰੱਸਟ ਹਸਪਤਾਲ ਵੱਲੋਂ ਡਾ.ਰੁਚੀ, ਡਾ. ਗੌਰਵ ਮੰਗਲਾ ਅਤੇ ਡਾ.ਅਜੇਪਾਲ ਮੱਲੀ ਨੇ ਮਰੀਜਾਂ ਦੀ ਜਾਂਚ ਕੀਤੀ ਤੇ ਦਵਾਈਆਂ ਦਾ ਬੰਦੋਬਸਤ ਕੀਤਾ। ਇਸ ਮੌਕੇ ਪਿੰਡ ਦੇ ਸਰਪੰਚ ਅਜੀਤ ਸਿੰਘ, ਕੁਲਦੀਪ ਸਿੰਘ ਸੈਣੀ, ਦੇਵਾਸ਼ੀਸ਼ ਜੋਸ਼ੀ, ਮੋਨੂ ਨਾਗਪਾਲ,ਐਸ.ਡੀ ਬਾਂਸਲ, ਚਿਰਜੀ ਲਾਲ ਗਰਗ ਅਤੇ ਸੁਰਿਦਰ ਗੋਇਲ ਨੇ ਵੀ ਸੰਬੋਧਨ ਕੀਤਾ।



ਬਣਾਂਵਾਲੀ ਵਿਖੇ ਤਲਵੰਡੀ ਸਾਬੋ ਪਾਵਰ ਲਿਮਟਿਡ ਵੱਲੋਂ ਲਾਏ ਗਏ ਮੈਡੀਕਲ ਕੈਂਪ ਦੌਰਾਨ ਮਰੀਜ਼ਾਂ ਦੀ ਜਾਂਚ ਕਰਦੇ ਡਾਕਟਰ